# INDEX

## (SUPPLEMENTARY AGENDA)



| ਆਈਟਮ ਨੰ: | ਵਿਸ਼ਾ | ਪੰਨਾ ਨੰ: |
|---|---|---|
| 59.05 | ਪਟਿਆਲਾ ਅਰਬਨ ਅਸਟੇਟ ਵਿਖੇ ਧਾਰਮਿਕ ਸਾਈਟਾਂ ਦੀ ਲੀਜ ਆਧਾਰ ਤੇ ਅਲਾਟਮੈਂਟ ਕਰਨ ਸਬੰਧੀ । | 2-5 |
| 59.06 | ਰਿਹਾਇਸ਼ੀ ਪਲਾਟਾਂ ਦੇ ਰੇਟਾਂ ਦੇ ਅਧਾਰ ਤੇ ਨਿਰਧਾਰਤ ਕੀਤੇ ਗਏ ਇੰਸਟੀਚਿਊਸ਼ਨਲ ਸਾਈਟਾਂ ਦੇ ਰੇਟਾਂ ਦੀ ਪੁਸ਼ਟੀ ਬਾਰੇ। | 6-15 |

**ਅਜਤਾ ਆਈਟਮ ਨੰ: 59.05**
**(ਪਾਲਿਸੀ ਸ਼ਾਖਾ)**

**ਵਿਸ਼ਾ: ਪਟਿਆਲਾ ਅਰਬਨ ਅਸਟੇਟ ਵਿਖੇ ਧਾਰਮਿਕ ਸਾਈਟਾਂ ਦੀ ਲੀਜ ਆਧਾਰ ਤੇ ਅਲਾਟਮੈਂਟ ਕਰਨ ਸਬੰਧੀ ।**

1.0 ਪੁੱਡਾ ਵਲੋਂ ਮਿਤੀ 07-11-2008 ਨੂੰ ਸ਼ਹਿਰੀ ਮਿਲਖ ਪਟਿਆਲਾ ਵਿਖੇ ਗੁਰੂਦੁਆਰਾ/ਮੰਦਿਰ ਅਤੇ ਮਸਜਿਦ ਲਈ 4 ਸਾਈਟਾਂ ਲੀਜ ਆਧਾਰ ਤੇ ਅਲਾਟ ਕਰਨ ਸਬੰਧੀ ਸੁਸਾਇਟੀਆਂ/ਟ੍ਰਸਟਾਂ ਤੋਂ ਅਰਜੀਆਂ ਮੰਗਣ ਸਬੰਧੀ ਸਕੀਮ ਲਾਂਚ ਕੀਤੀ ਗਈ ਸੀ। ਇਹ ਸਕੀਮ ਮਿਤੀ 28-11-08 ਨੂੰ ਬੰਦ ਹੋਈ । ਇਸ ਸਕੀਮ ਅਧੀਨ 8 ਸੁਸਾਇਟੀਆਂ/ਟ੍ਰਸਟਾਂ ਵਲੋਂ ਅਰਜੀਆਂ ਪ੍ਰਾਪਤ ਹੋਈਆਂ ਹਨ ।

2.0 ਇੰਸਟੀਚਿਊਸ਼ਨਲ ਦੀ ਪ੍ਰਵਾਨਿਤ ਪਾਲਿਸੀ ਵਿੱਚ ਉਪਬੰਧ ਅਨੁਸਾਰ ਪ੍ਰਾਪਤ ਹੋਈਆਂ ਅਰਜੀਆਂ ਮੈਰਿਟ ਅਤੇ ਪਾਲਿਸੀ ਗਾਈਡ-ਲਾਈਨਜ ਦੇ ਆਧਾਰ ਤੇ ਮੁੱਖ ਪ੍ਰਸ਼ਾਸਕ, ਪੁੱਡਾ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਗਈ ਸਕਰੂਟਨੀ ਕਮੇਟੀ ਵਲੋਂ ਵਿਚਾਰੀਆਂ ਜਾਣੀਆਂ ਸਨ । ਉਕਤ ਸਕੀਮ ਅਧੀਨ ਪ੍ਰਾਪਤ ਹੋਈਆਂ ਅਰਜੀਆਂ ਦੇ ਨੁਮਾਇੰਦਿਆਂ ਨੂੰ ਸਕਰੂਟਨੀ ਕਮੇਟੀ ਵਲੋਂ ਮਿਤੀ 15-06-09 ਨੂੰ ਇੰਟਰਵਿਊ ਦੌਰਾਨ ਸੁਨਣ ਉਪਰੰਤ ਫੈਸਲਾ ਕੀਤਾ ਗਿਆ ਕਿ ਵਧੀਕ ਮੁੱਖ ਪ੍ਰਸ਼ਾਸਕ ਪੁੱਡਾ ਪਟਿਆਲਾ ਗਰਾਉਂਡ ਲੈਵਲ ਤੇ ਸਰਵੇ ਕਰਨਗੇ ਅਤੇ ਸਰਵੇ ਅਨੁਸਾਰ ਲੋਕਲ ਵਸਨੀਕਾਂ ਦੀ ਜੋ ਵੀ ਮੰਗ ਹੋਵੇਗੀ, ਅਨੁਸਾਰ ਭੋਂ ਦੀ ਅਲਾਟਮੈਂਟ ਲਈ ਕਾਰਵਾਈ ਕੀਤੀ ਜਾਵੇਗੀ । ਵਧੀਕ ਮੁੱਖ ਪ੍ਰਸ਼ਾਸਕ ਪੁੱਡਾ ਪਅਿਟਾਲਾ ਵਲੋਂ ਪੱਤਰ ਨੰ: 7044 ਮਿਤੀ 29-09-09 ਰਾਹੀਂ ਇਹਨਾਂ ਦਾ ਸਰਵੇ ਕਰਕੇ ਰਿਪੋਰਟ ਭੇਜੀ ਗਈ। ਇਸ ਰਿਪੋਰਟ ਨੂੰ ਸਕਰੂਟਨੀ ਕਮੇਟੀ ਵਲੋਂ ਮਿਤੀ 09-07-10 ਅਤੇ 18-8-10 ਨੂੰ ਘੋਖਣ ਉਪਰੰਤ ਹੇਠ ਲਿਖੀ ਸੰਸਥਾ ਨੂੰ ਭੋਂ ਅਲਾਟ ਕਰਨ ਦੀ ਸਿਫਾਰਸ਼ ਕੀਤੀ ਗਈ ਹੈ:-

| ਲੜੀ ਨੰ: | ਸੰਸਥਾ ਦਾ ਨਾਮ | ਮੰਤਵ | ਰਕਬਾ | ਰੇਟ |
|---|---|---|---|---|
| 1. | ਰਾਧੇ ਸ਼ਿਆਮ ਮੰਦਿਰ | ਮੰਦਿਰ | 820 ਵ:ਗ: ਫੇਜ਼-2, ਭਾਗ-1, ਪਟਿਆਲਾ | 6/- ਰੁਪਏ ਪ੍ਰਤੀ ਵ:ਗ ਸਾਲਾਨਾ ਲੀਜ਼ ਅਤੇ ਸਿਕਿਉਰਟੀ 200/- ਰੁਪਏ ਪ੍ਰਤੀ ਵ:ਜ( ਨਾ ਮੋੜਨਯੋਗ) |

ਸਕਰੂਟਨੀ ਕਮੇਟੀ ਦੀਆਂ ਸਿਫਾਰਸ਼ਾਂ **ਅਨੁਲੱਗ** 2 ਤੇ ਨੱਥੀ ਹਨ ।

3.0 ਧਾਰਮਿਕ ਸੰਸਥਾਵਾਂ ਨੂੰ ਭੋਂ ਦੀ ਅਲਾਟਮੈਂਟ ਕਰਨ ਲਈ ਪੁੱਡਾ ਦੀ ਵਿੱਤ ਅਤੇ ਲੇਖਾ ਕਮੇਟੀ ਸਮਰੱਥ ਅਥਾਰਿਟੀ ਹੈ । ਇਸ ਲਈ ਸਕਰੂਟਨੀ ਕਮੇਟੀ ਦੀਆਂ ਸਿਫਾਰਸ਼ਾਂ ਵਿੱਤ ਅਤੇ ਲੇਖਾ ਕਮੇਟੀ ਦੇ ਸਨਮੁੱਖ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ।

ਅਨੁਲੱਗ-2

ਪਟਿਆਲਾ ਅਰਬਨ ਐਸਟੇਟ ਵਿਖੇ ਧਾਰਮਿਕ ਸਾਈਟਾਂ ਦੀ ਅਲਾਟਮੈਂਟ ਸਬੰਧੀ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਵਧੀਕ ਮੁੱਖ ਪ੍ਰਸ਼ਾਸਕ, ਪਟਿਆਲਾ ਵੱਲੋਂ ਭੇਜੀ ਗਈ ਰਿਪੋਰਟ ਤੇ ਸਕਰੂਟਨੀ ਕਮੇਟੀ ਦੀ ਮਿਤੀ 18-8-2010 ਨੂੰ 2.30 ਵਜੇ ਹੋਈ ਮੀਟਿੰਗ ਦੀ ਕਾਰਵਾਈ:-

ਹਾਜ਼ਰ:-

1. ਮੁੱਖ ਪ੍ਰਸ਼ਾਸਕ, ਪੁੱਡਾ, ਮੋਹਾਲੀ
2. ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ), ਪੁੱਡਾ, ਮੋਹਾਲੀ
3. ਵਧੀਕ ਮੁੱਖ ਪ੍ਰਸ਼ਾਸਕ (ਪਾਲਿਸੀ), ਪੁੱਡਾ, ਮੋਹਾਲੀ
4. ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ, ਪਟਿਆਲਾ
5. ਸੀਨੀਅਰ ਨਗਰ ਯੋਜਨਾਕਾਰ, ਪੁੱਡਾ, ਮੋਹਾਲੀ

ਮਿਤੀ 7-11-2008 ਨੂੰ ਸ਼ਹਿਰੀ ਮਿਲਖ ਪਟਿਆਲਾ ਵਿਖੇ ਗੁਰਦੁਆਰਾ/ਮੰਦਿਰ ਅਤੇ ਮਸਜਿਦ ਲਈ ਲੀਜ਼ ਆਧਾਰ ਤੇ ਭੌਂ ਅਲਾਟ ਕਰਨ ਲਈ ਸੁਸਾਇਟੀਆਂ/ਟਰਸਟਾਂ ਤੋਂ ਹੇਠ ਲਿਖੀਆਂ ਚਾਰ (4) ਸਾਈਟਾਂ ਦੀ ਸਕੀਮ ਲਾਂਚ ਕੀਤੀ ਗਈ ਸੀ । ਇਹ ਸਕੀਮ ਮਿਤੀ 28-11-2008 ਨੂੰ ਬੰਦ ਹੋਈ :-

ੳ) 984.56 ਵ:ਗ: ਸ਼ਹਿਰੀ ਮਿਲਖ ਫੇਜ-2, ਐਲ.ਆਈ.ਜੀ. ਮਕਾਨਾਂ ਵਿਚਕਾਰ

ਅ) 820 ਵ:ਗ: ਅਰਬਨ ਅਸਟੇਟ ਫੇਜ-2, ਭਾਗ-1, ਪਟਿਆਲਾ ।

ੲ) 733 ਵ:ਗ: ਅਰਬਨ ਅਸਟੇਟ ਫੇਜ-2, ਭਾਗ-1 ਪਟਿਆਲਾ ।

ਸ) 1000 ਵ:ਗ: ਅਰਬਨ ਅਸਟੇਟ, ਫੇਜ-3, ਪਟਿਆਲਾ ।

ਉਕਤ ਲਾਂਚ ਕੀਤੀ ਗਈ ਸਕੀਮ ਅਧੀਨ 8 ਸੁਸਾਇਟੀਆਂ/ਟਰਸਟਾਂ ਵਲੋਂ ਗੁਰਦੁਆਰਾ/ਮੰਦਿਰ ਦੀ ਭੌਂ ਦੀ ਆਲਾਟਮੈਂਟ ਲਈ ਅਰਜ਼ੀਆਂ ਸਮੇਤ 50,000/- ਰੁਪਏ ਬਿਆਨਾਂ ਰਕਮ ਪ੍ਰਾਪਤ ਹੋਈਆਂ । ਪ੍ਰਾਪਤ ਹੋਈਆਂ ਅਰਜੀਆਂ ਦੇ ਨੁਮਾਇੰਦਿਆਂ ਨੂੰ ਸਕਰੂਟਨੀ ਕਮੇਟੀ ਵਲੋਂ ਮਿਤੀ 15-06-09 ਨੂੰ ਸਵੇਰੇ 11:00 ਵਜ੍ਹੇ ਇੰਟਰਵਿਊ ਦੌਰਾਨ ਸੁਨਣ ਉਪਰੰਤ ਹੇਠ ਲਿਖੇ ਅਨੁਸਾਰ ਸਿਫਾਰਸ਼ਾਂ ਕੀਤੀਆਂ ਗਈਆਂ :-

ੳ) <u>984.56 ਵ:ਗ: ਸ਼ਹਿਰੀ ਮਿਲਖ ਫੇਜ-2 ਐਲ.ਆਈ.ਜੀ ਮਕਾਨ ਵਿਚਕਾਰ</u>

ਆਰ.ਪੀ.ਡੀ. ਕਮੇਟੀ ਪਟਿਆਲਾ ਵਲੋਂ ਇਸ ਭੌਂ ਨੂੰ ਵਾਲਮਿਕ ਮੰਦਿਰ ਲਈ ਈਅਰ ਮਾਰਕ ਕੀਤਾ ਗਿਆ ਹੈ ਪਰ ਇਸ ਭੌਂ ਦੀ ਅਲਾਟਮੈਂਟ ਲਈ ਕਿਸੇ ਵੀ ਸੰਸਥਾ ਵਲੋਂ ਅਪਲਾਈ ਨਹੀਂ ਕੀਤਾ ਗਿਆ।

ਅ) <u>820 ਵ:ਗ: ਅਰਬਨ ਅਸਟੇਟ ਫੇਜ-2, ਭਾਗ-1, ਪਟਿਆਲਾ</u>

<u>ਰਾਧੇ ਸ਼ਾਮ ਮੰਦਿਰ</u>

ਇਸ ਸਾਈਟ ਲਈ ਰਾਧੇ ਸ਼ਾਮ ਮੰਦਿਰ ਰਜਿਸਟਰਡ ਅਰਬਨ ਅਸਟੇਟ ਫੇਜ-2 ਵਲੋਂ ਅਰਜੀ ਦਿੱਤੀ ਗਈ ਹੈ । ਕਮੇਟੀ ਵਲੋਂ ਇਸ ਸੁਸਾਇਟੀ ਦੇ ਮੈਂਬਰਾਂ ਨੂੰ ਸੁਨਣ ਉਪਰੰਤ ਇਹ ਸਪਸ਼ਟ ਕੀਤਾ ਗਿਆ ਕਿ ਪਾਲਿਸੀ ਅਨੁਸਾਰ ਲੋਕਲ ਰੈਜੀਡੈਂਟਸ ਦੀ ਜੋ ਵੀ ਮੰਗ ਹੋਵੇਗੀ ਉਸ ਅਨੁਸਾਰ ਹੀ ਕੇਸ ਵਿਚਾਰਿਆ

ਜਾਵੇਗਾ । ਇਸ ਸਬੰਧ ਵਿੱਚ ਕਮੇਟੀ ਵਲੋਂ ਵਧੀਕ ਮੁੱਖ ਪ੍ਰਸ਼ਾਸਕ ਪੁੱਡਾ ਪਟਿਆਲਾ ਨੂੰ ਸਰਵੇ ਕਰਕੇ ਰਿਪੋਰਟ ਭੇਜਣ ਦੀ ਹਦਾਇਤ ਕੀਤੀ ਗਈ ।

ੲ) <u>733 ਵ:ਗ: ਅਰਬਨ ਅਸਟੇਟ ਫੇਜ-2, ਭਾਗ-1 ਪਟਿਆਲਾ</u>

<u>ਗਾਇਤਰੀ ਗਿਆਨ ਮੰਦਿਰ ਸੁਸਾਇਟੀ</u>

ਇਸ ਸਾਈਟ ਦੀ ਅਲਾਟਮੈਂਟ ਲਈ ਗਾਇਤਰੀ ਗਿਆਨ ਮੰਦਿਰ ਸੁਸਾਇਟੀ ਵਲੋਂ ਅਪਲਾਈ ਕੀਤਾ ਗਿਆ । ਇਟੰਰਵਿਊ ਸਮੇਂ ਇਸ ਸੁਸਾਇਟੀ ਦੇ ਨੁਮਾਇੰਦਿਆਂ ਨੂੰ ਸੂਚਿਤ ਕੀਤਾ ਗਿਆ ਕਿ ਇਹ ਸਾਈਟ ਮਸਜਿਦ ਲਈ ਰਾਖਵੀਂ ਰੱਖੀ ਗਈ ਹੈ ਇਸ ਲਈ ਸੁਸਾਇਟੀ ਨੂੰ ਇਹ ਸਾਈਟ ਕਿਸੇ ਹੋਰ ਮੰਤਵ ਲਈ ਅਲਾਟ ਕਰਨ ਲਈ ਵਿਚਾਰੀ ਨਹੀਂ ਜਾ ਸਕਦੀ ।

ਸ) <u>1000 ਵ:ਗ: ਅਰਬਨ ਅਸਟੇਟ, ਫੇਜ-3, ਪਟਿਆਲਾ</u>

ਇਸ ਸਾਈਟ ਦੀ ਅਲਾਟਮੈਂਟ ਲਈ ਹੇਠ ਲਿਖਿਆਂ 6 ਸੰਸਥਾਵਾਂ ਵਲੋਂ ਅਪਲਾਈ ਕੀਤਾ ਗਿਆ :-

1. ਸ਼੍ਰੀ ਗੁਰੂ ਸਿੰਘ ਸਭਾ ਪਟਿਆਲਾ
2. ਦੁਰਗਾ ਮਾਤਾ ਮੰਦਿਰ ਸੁਸਾਇਟੀ
3. ਤ੍ਰਿਮੂਰਤੀ ਸ਼ਿਵਾ ਧਾਰਮਿਕ ਅਤੇ ਚੈਰੀਟੇਬਲ ਟ੍ਰਸਟ
4. ਪਟਿਆਲਾ ਅਗਰਵਾਲ ਇੰਟਲੈਕਚੂਲ ਫੋਰਮ, ਪਟਿਆਲਾ
5. ਗਾਇਤਰੀ ਗਿਆਨ ਮੰਦਰ ਸੋਸਾਇਟੀ
6. ਅਖੰਡ ਪਰਮਧਾਮ ਯੋਗ ਧਿਆਨ ਸਾਧਨਾ

ਕਮੇਟੀ ਵਲੋਂ ਸੰਸਥਾਵਾਂ ਦੇ ਨੁਮਇੰਦਿਆਂ ਨੂੰ ਸੁਨਣ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਵਧੀਕ ਮੁੱਖ ਪ੍ਰਸ਼ਾਸਕ ਪੁੱਡਾ ਪਟਿਆਲਾ ਗਰਾਉਂਡ ਲੈਵਲ ਤੇ ਸਰਵੇ ਕਰਨਗੇ ਅਤੇ ਸਰਵੇ ਅਨੁਸਾਰ ਲੋਕਲ ਵਸਨੀਕਾਂ ਦੀ ਜੋ ਵੀ ਮੰਗ ਹੋਵੇਗੀ ਉਸ ਅਨੁਸਾਰ ਭੋਂ ਦੀ ਅਲਾਟਮੈਂਟ ਲਈ ਕਾਰਵਾਈ ਕੀਤੀ ਜਾਵੇਗੀ ।

ਕਮੇਟੀ ਵਲੋਂ ਫੇਜ-2 ਭਾਗ-1 ਅਤੇ ਫੇਜ-3 ਪਟਿਆਲਾ ਦੀ ਭੋਂ ਦੀ ਅਲਾਟਮੈਂਟ ਲਈ ਪ੍ਰਾਪਤ ਹੋਈਆਂ ਅਰਜੀਆਂ ਦਾ ਵਧੀਕ ਮੁੱਖ ਪ੍ਰਸ਼ਾਸਕ ਪੁੱਡਾ ਪਟਿਆਲਾ ਵਲੋਂ ਸਰਵੇ ਕੀਤੇ ਜਾਣ ਸਬੰਧੀ ਲਏ ਗਏ ਫੈਸਲੇ ਦੇ ਸਨਮੁੱਖ ਵਧੀਕ ਮੁੱਖ ਪ੍ਰਸ਼ਾਸਕ ਪੁੱਡਾ ਪਟਿਆਲਾ ਵਲੋਂ ਇਸ ਸਬੰਧ ਵਿੱਚ ਸਰਵੇ ਕਰਕੇ ਆਪਣੀ ਰਿਪੋਰਟ੍ਰ ਪੱਤਰ ਨੰਬਰ 7044 ਮਿਤੀ 29-09-2009 ਰਾਹੀਂ ਭੇਜੀ ਗਈ । ਇਹ ਰਿਪੋਰਟ ਕਮੇਟੀ ਵਲੋਂ ਪਹਿਲਾਂ ਮਿਤੀ 09-07-2010 ਅਤੇ ਮਿਤੀ 18-08-2010 ਨੂੰ ਘੋਖਣ ਉਪਰੰਤ ਹੇਠ ਲਿਖੇ ਅਨੁਸਾਰ ਤਜਵੀਜ ਕੀਤਾ ਜਾਂਦਾਂ ਹੈ:-

1. <u>ਰਾਧੇ ਸ਼ਾਮ ਮੰਦਿਰ ਰਜਿਸਟਰਡ ਅਰਬਨ ਅਸਟੇਟ ਫੇਜ-2, ਪਟਿਆਲਾ</u>

ਅਰਬਨ ਅਸਟੇਟ ਫੇਜ-2 ਭਾਗ-1 ਵਿਖੇ ਰਾਧੇ ਸ਼ਾਮ ਮੰਦਿਰ ਨੂੰ ਸਾਲ 1999 ਵਿੱਚ 908 ਵ:ਗ: ਭੋਂ 156/- ਰੁਪਏ ਪ੍ਰਤੀ ਵ:ਗ: ਫਰੀ ਹੋਲਡ ਦੇ ਆਧਾਰ ਤੇ ਪਹਿਲਾਂ ਹੀ ਅਲਾਟ ਕੀਤੀ ਹੋਈ ਹੈ । ਰੀਜਨਲ ਪਲੈਨਿੰਗ ਅਤੇ ਡਿਜਾਇਨ ਕਮੇਟੀ ਦੀ ਮਿਤੀ 14-03-2008 ਨੂੰ ਹੋਈ ਮੀਟਿੰਗ ਵਿੱਚ ਇਸ ਮੰਦਿਰ ਦੇ ਨਾਲ ਲਗਦੀ 820 ਵ:ਗ: ਜਗ੍ਹਾ ਜੋ ਕਿ ਈ.ਡਬਲਿਊ.ਐਸ. ਮਕਾਨਾਂ ਦੀ ਐਕਸਟੈਨਸ਼ਨ ਲਈ ਰਖਵੀਂ ਰੱਖੀ ਗਈ ਸੀ ਵਿਚੋਂ ਮੰਦਿਰ ਲਈ ਈਅਰ ਮਾਰਕ ਕੀਤੀ ਗਈ ਹੈ। ਵਧੀਕ ਮੁੱਖ ਪ੍ਰਸ਼ਾਸਕ, ਪਟਿਆਲਾ ਵਲੋਂ ਮੰਦਿਰ ਦੀ ਮੰਗ ਨੂੰ ਜਾਇਜ ਠਹਿਰਾਇਆ

ਵਰਗ ਗੱਜ ਭੋਂ ਮੰਦਰ ਦੀ ਐਕਸਟੈਂਸਨ ਲਈ ਈਅਰਮਾਰਕ ਕੀਤੀ ਗਈ ਹੈ ਉਸ ਨੂੰ ਇਸ ਢੰਗ ਨਾਲ ਪਲੈਨ ਕੀਤਾ ਜਾਵੇ ਕਿ ਇਹ ਸੰਸਥਾ ਭਵਿੱਖ ਵਿਚ ਰਹਿੰਦੀ ਭੋਂ ਤੇ ਕੋਈ ਅਣ ਅਧਿਕਾਰਿਤ ਕਬਜਾ ਨਾ ਕਰ ਸਕੇ। ਕਮੇਟੀ ਵਲੋਂ ਹਰ ਪਹਿਲੂ ਤੇ ਵਿਚਾਰ ਕਰਨ ਉਪਰੰਤ ਰਾਧੇ ਸ਼ਾਮ ਮੰਦਿਰ ਸੁਸਾਇਟੀ ਨੂੰ ਫੇਜ-2 ਭਾਗ-1 ਵਿਖੇ 820 ਵ:ਗ: ਜੁਗ੍ਹਾ ਮੰਦਿਰ ਲਈ ਲੀਜ ਆਧਾਰ ਤੇ ਅਲਾਟ ਕਰਨ ਦੀ ਸਿਫਾਰਸ਼ ਕੀਤੀ ਗਈ।

2. <u>ਦੁਰਗਾ ਮਾਤਾ ਮੰਦਿਰ ਸੁਸਾਇਟੀ , ਪਟਿਆਲਾ</u>

ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ, ਪਟਿਆਲਾ ਵਲੋਂ ਇਸ ਫੇਜ ਵਿੱਚ ਪਹਿਲਾਂ ਹੀ ਗੁਰੂਦੁਆਰਾ ਸਾਹਿਬ ਮੌਜੂਦ ਹੋਣ ਕਰਕੇ ਸ਼੍ਰੀ ਦੁਰਗਾ ਮਾਤਾ ਮੰਦਿਰ ਸੁਸਾਇਟੀ ਜੋ ਕਿ ਉਥੇ ਦੇ ਲੋਕਲ ਵਸਨੀਕਾਂ ਦੀ ਸੁਸਾਇਟੀ ਹੈ, ਨੂੰ ਮੰਦਿਰ ਲਈ ਭੌਂ ਅਲਾਟ ਕਰਨ ਹਿੱਤ ਮੁੱਖ ਦਫਤਰ ਦੀ ਪੱਧਰ ਤੇ ਵਿਚਾਰ ਕਰਨ ਲਈ ਲਿਖਿਆ ਗਿਆ। ਵਧੀਕ ਮੁੱਖ ਪ੍ਰਸ਼ਾਸਕ, ਪਟਿਆਲਾ ਦੀ ਕੀਤੀ ਗਈ ਰਿਪੋਰਟ ਤੇ ਇਸ ਫੇਜ ਵਿੱਚ ਵੱਸ ਰਹੇ ਵਸਨੀਕਾਂ ਦਾ ਦੋਬਾਰਾ ਸਰਵੇ ਕਰਵਾਇਆ ਗਿਆ ਜਿਸ ਅਨੁਸਾਰ 160 ਵਸਨੀਕਾ ਵਲੋਂ ਮੰਦਿਰ ਬਨਾਉਣ ਲਈ ਲਿਖਤੀ ਤੌਰ ਤੇ ਸਹਿਮਤੀ ਦਿੱਤੀ ਗਈ । ਕਮੇਟੀ ਵਲੋਂ ਸਾਰੇ ਪਹਿਲੂਆਂ ਤੇ ਵਿਚਾਰ ਕਰਨ ਉਪਰੰਤ ਇਹ ਵੇਖਿਆ ਗਿਆ ਕਿ ਇਸ ਅਰਬਨ ਅਸਟੇਟ ਦੇ ਨਾਲ ਹੀ ਪ੍ਰਾਚੀਨ ਮੰਦਿਰ ਸਥਿਤ ਹੈ ਜੋ ਕਿ ਉੱਥੇ ਦੇ ਮੌਜੂਦਾ ਵਸਨੀਕਾਂ ਦੀ ਲੋੜ ਨੂੰ ਪੂਰੀ ਕਰ ਰਿਹਾ ਹੈ ਕਿਉਂਕਿ ਹਾਲੇ ਇਹ ਅਰਬਨ ਅਸਟੇਟ ਮੁਕੰਮਲ ਤੌਰ ਤੇ ਵਿਕਸਤ ਨਹੀਂ ਹੋਈ ਹੈ । ਇਸ ਲਈ ਕਮੇਟੀ ਵਲੋਂ ਇਹ ਸਿਫਾਰਸ਼ ਕੀਤੀ ਗਈ ਕਿ ਫੇਜ-3 ਵਿਖੇ ਧਾਰਮਿਕ ਮੰਤਵ ਲਈ ਈਅਰ ਮਾਰਕ ਕੀਤੀ ਗਈ 1000 ਵ:ਗ: ਭੋਂ ਦੀ ਅਲਾਟਮੈਂਟ ਹਾਲੇ ਕਿਸੇ ਵੀ ਸੰਸਥਾ ਨੂੰ ਨਾ ਕੀਤੀ ਜਾਵੇ ।

ਉਪਰੋਕਤ ਦਰਸਾਈ ਗਈ ਸਥਿਤੀ ਦੇ ਸਨਮੁੱਖ ਕਮੇਟੀ ਵੱਲੋਂ ਧਾਰਮਿਕ ਮੰਤਵ ਲਈ ਭੋਂ ਦੀ ਅਲਾਟਮੈਂਟ ਕਰਨ ਲਈ ਉੱਥੋਂ ਦੇ ਵਸਨੀਕਾਂ ਦੀ ਲੋੜਾਂ ਅਤੇ ਸੋਸਾਇਟੀ ਦੀ ਸਮਰੱਥਾ ਨੂੰ ਮੁੱਖ ਰੱਖਦੇ ਹੋਏ ਹੇਠ ਅਨੁਸਾਰ ਸਿਫਾਰਸ਼ ਕੀਤੀ ਜਾਂਦੀ ਹੈ:-

| ਲੜੀ ਨੰ: | ਸੰਸਥਾ ਦਾ ਨਾਮ | ਮੰਤਵ | ਰਕਬਾ | ਰੇਟ |
|---|---|---|---|---|
| 1. | ਰਾਧੇ ਸ਼ਿਆਮ ਮੰਦਿਰ | ਮੰਦਿਰ | 820 ਵ:ਗ: ਫੇਜ਼-2, ਭਾਗ-1, ਪਟਿਆਲਾ | 6/- ਰੁਪਏ ਪ੍ਰਤੀ ਵ:ਗ ਸਾਲਾਨਾ ਲੀਜ਼ ਤੇ ਅਤੇ ਸਿਕਿਉਰਟੀ 200/- ਰੁਪਏ ਪ੍ਰਤੀ ਵ:ਜ( ਨਾ ਮੋੜਨਯੋਗ) |

ਕਮੇਟੀ ਦੀਆਂ ਇਹ ਸਿਫਾਰਸ਼ਾਂ ਵਿੱਤ ਅਤੇ ਲੇਖਾ ਕਮੇਟੀ ਦੀ ਪ੍ਰਵਾਨਗੀ ਤੇ ਨਿਰਭਰ ਕਰਨਗੀਆਂ।

| | | | | |
|---|---|---|---|---|
| ਐਸ.ਟੀ.ਪੀ ਮੋਹਾਲੀ | ਵ:ਮੁੱ:ਪ੍ਰ: ਪਟਿਆਲਾ | ਵ:ਮੁੱ:ਪ੍ਰ(ਪਾਲਸੀ) ਮੋਹਾਲੀ | ਵ:ਮੁੱ:ਪ੍ਰ:(ਵਿ:ਲੇ) ਮੋਹਾਲੀ | ਮੁੱ:ਪ੍ਰ: ਪੁੱਡਾ ਮੋਹਾਲੀ। |

**ਅਜੰਡਾ ਆਈਟਮ ਨੰ: 59.06**
**(ਲੇਖਾ ਸ਼ਾਖਾ)**

**ਵਿਸ਼ਾ:- ਰਿਹਾਇਸ਼ੀ ਪਲਾਟਾਂ ਦੇ ਰੇਟਾਂ ਦੇ ਅਧਾਰ ਤੇ ਨਿਰਧਾਰਤ ਕੀਤੇ ਗਏ ਇੰਸਟੀਚਿਊਸ਼ਨਲ ਸਾਈਟਾਂ ਦੇ ਰੇਟਾਂ ਦੀ ਪੁਸ਼ਟੀ ਬਾਰੇ।**

ਵਿੱਤ ਤੇ ਲੇਖਾ ਕਮੇਟੀ ਵਲੋਂ 47ਵੀਂ ਮੀਟਿੰਗ ਜੋ ਕਿ ਮਿਤੀ 8-4-2005 ਨੂੰ ਹੋਈ ਸੀ ਵਿਚ ਅਜੰਡਾ ਆਈਟਮ 47.06 ਰਾਹੀਂ ਰਿਹਾਇਸ਼ੀ ਪਲਾਟਾਂ ਦੇ ਰੇਟ ਪ੍ਰਵਾਨ ਕਰਦੇ ਸਮੇਂ ਇਹ ਵੀ ਫੈਸਲਾ ਲਿਆ ਗਿਆ ਜੋ ਕਿ ਹੇਠ ਮੁੜ ਪੇਸ਼ ਕੀਤਾ ਜਾਂਦਾ ਹੈ:-

**"Where other rates/prices are calculated or fixed on the basis of the residential rates as per policy already decided, consequential action of revising the rates may be taken immediately."**

ਉਪਰੋਕਤ ਫੈਸਲੇ ਦੇ ਸਨਮੁੱਖ ਵਿੱਤ ਤੇ ਲੇਖਾ ਕਮੇਟੀ ਵਲੋਂ ਮਿਤੀ 16-4-2010 ਨੂੰ ਹੋਈ 58ਵੀਂ ਮੀਟਿੰਗ ਵਿਚ ਅਜੰਡਾ ਆਈਟਮ 58.03 ਰਾਹੀਂ ਪੁੱਡਾ ਦੀਆਂ ਵੱਖ-2 ਸ਼ਹਿਰੀ ਮਿਲਖਾਂ ਦੇ ਰਿਹਾਇਸ਼ੀ ਪਲਾਟਾਂ ਦੇ ਪ੍ਰਵਾਨ ਕੀਤੇ ਗਏ ਰੇਟਾਂ (ਅਨੁਲੱਗ-ੳ) ਦੇ ਅਧਾਰ ਤੇ ਇੰਸਟੀਚਿਊਸ਼ਨਲ ਸਾਈਟਾਂ ਦੇ ਰੇਟ ਨਿਰਧਾਰਤ ਕੀਤੇ ਗਏ ਹਨ ਅਨੁਲੱਗ-ਅ ਤੇ ਰੱਖੇ ਜਾਂਦੇ ਹਨ।

ਇਹ ਰੇਟ ਅਜੰਡਾ ਆਈਟਮ 47.06 ਰਾਹੀਂ ਲਏ ਗਏ ਫੈਸਲੇ ਅਨੁਸਾਰ ਮੁੱਖ ਪ੍ਰਸ਼ਾਸਕ ਜੀ ਦੇ ਪੱਧਰ ਤੇ ਨਿਰਧਾਰਤ ਕੀਤੇ ਗਏ ਸਨ।

ਮਾਮਲਾ ਵਿੱਤ ਤੇ ਲੇਖਾ ਕਮੇਟੀ ਦੀ ਸਾਹਮਣੇ ਅਨੁਲੱਗ-ਅ ਵਿਚ ਦਰਸਾਏ ਰੇਟਾਂ ਦੀ ਪੁਸ਼ਟੀ ਕਰਨ ਹਿਤ ਪੇਸ਼ ਹੈ ਜੀ।

ਇਸ ਅਜੰਡੇ ਦੀ ਪ੍ਰਵਾਨਗੀ ਉਪ ਸਭਾਪਤੀ, ਪੁੱਡਾ ਜੀ ਤੋਂ ਲੈ ਲਈ ਗਈ ਹੈ ਜੀ।

**ਅਨੁਲੱਗ-ੳ**

**ਪੁੱਡਾ ਦੀਆਂ ਵੱਖ-2 ਸ਼ਹਿਰੀ ਮਿਲਖਾਂ ਦੇ ਰਿਹਾਇਸ਼ੀ ਪਲਾਟਾਂ ਦੇ ਮਿਤੀ 16-04-2010 ਤੋਂ ਲਾਗੂ ਰੇਟ।**

| ਲੜੀ ਨੰ: | ਸ਼ਹਿਰੀ ਮਿਲਖ ਦਾ ਨਾਂ | ਰੇਟ (ਰੁਪਏ/ਪ੍ਰਤੀ ਵਰਗ ਗਜ |
|---|---|---|
| 1. | ਕਪੂਰਥਲਾ | 4700/- |
| 2. | ਸੁਲਤਾਨਪੁਰ ਲੋਧੀ | 2000/- |
| 3. | ਬਟਾਲਾ | 5000/- |
| 4. | ਪਟਿਆਲਾ | 5200/- |
| 5. | ਨਾਭਾ | 4350/- |
| 6. | ਫਿਰੋਜਪੁਰ | 4400/- |
| 7. | ਮਲੋਟ | 3400/- |

ਅਨੁਲੱਗ-ਅ

**PUNJAB URBAN PLANNING AND DEVELOPMENT AUTHORITY**

***Proposed Rates of Institutional Sites in Urban Estates***

| **Sr.No.** | **Particulars** | **Purpose** | **Basis of Fixation of Rate** | ***Station*** | **Proposed rate after rounding off to next 50s/100s Rs./sq.yd** |
|---|---|---|---|---|---|
| 1. | 2. | 3. | 4. | 5. | 6. |
| **1.** | **EDUCATIONAL** | | | | |
| i. | State Government | Schools/Colleges/Professional Colleges / ITIs/ Technical Training Institutions/Research Institutions | Free of Cost | All stations | Free of Cost |
| ii | Centre Government, Autonomous/ Statutory Bodies/ Semi Government/Universities set up by Statute of Centre/ State Government/ Societies and Trusts promoted by State/Centre Government | Schools/Colleges/ Professional Colleges/ITIs/ Technical Training Institutions/Research Institutions | 50 % of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 2350/-<br>1000/-<br>2500/<br>2600/-<br>2200/-<br>2200/<br>1700/- |
| iii. | Others (Private) | Schools/Colleges/Professional Colleges/ITIs/ Technical Training Institutions/Research Institutions | **Through Auction**<br>The reserve price for auction for the first time shall be the prevailing highest residential reserve price fixed for the Urban Estate and for subsequent auctions, the same shall be fixed as per the policy approved for the commercial sites. | All Stations | **Through Auction**<br>The reserve price for auction for the first time shall be the prevailing highest residential reserve price fixed for the Urban Estate and for subsequent auctions, the same shall be fixed as per the policy approved for the commercial sites. |
| ***2.*** | | | | | |

| | | | | | |
|---|---|---|---|---|---|
| | **HEALTH** | | | | |
| i. | State Government | Built up Dispensaries/Primary Health Centres etc. | Free of Cost | All Stations | Free of Cost |
| ii. | Central Government | Land for dispensaries/Primary Health Centres etc. | 25% of the prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 1200/-<br>500/-<br>1250/-<br>1300/-<br>1100/-<br>1100/-<br>850/- |
| iii. | Autonomous / Statutory Bodies such as Punjab Health System Corporation promoted by State/ Centre Government | | 50% of the prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 2350/-<br>1000/-<br>2500/-<br>2600<br>2200/-<br>2200/-<br>1700/- |
| iv. | Private | a. Multi-Super Speciality Hospitals | **Through Auction.**<br>First Reserve Price to be 50% of the prevailing highest residential reserve price fixed for the Urban Estate. | All Stations | **Through Auction.**<br>First Reserve Price to be 50% of the prevailing highest residential reserve price fixed for the Urban Estate. |
| | | b. Hospitals | **Through Auction.**<br>First Reserve Price to be 50% of the prevailing highest residential reserve price fixed for the Urban Estate. | All Stations | **Through Auction.**<br>First Reserve Price to be 50% of the prevailing highest residential reserve price fixed for |

| | | | | | |
|---|---|---|---|---|---|
| | | c. Nursing Homes | **Through Auction.**<br>First Reserve Price to be the prevailing highest residential reserve price fixed for the Urban Estate. | All Stations | the Urban Estate.<br>**Through Auction.**<br>First Reserve Price to be the prevailing highest residential reserve price fixed for the Urban Estate. |
| ***3.*** | **SERVICE DEPARTMENTS** | | | | |
| i. | For Essential Services | Police Stations / Fire Station and other similar services | On lease basis | All Stations | Nominal lease fee of Rs. 6/- per sq.yd per year |
| ii. | For other Services (Government Departments- State and Centre and Statutory bodies constituted under any Act) | Telephone (BSNL) / Post & Telegraph Department /PSPC/ Water Supply & Sewerage Board / Bus Stand | 50% of the prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 2350/-<br>1000/-<br>2500/-<br>2600/-<br>2200/-<br>2200/-<br>1700/- |
| **4.** | **OFFICE BUILDINGS** | | | | |
| i. | State Government and Courts | For office use | 75 % of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 3550/-<br>1500/-<br>3750/-<br>3900/-<br>3300/-<br>3300/-<br>2550/- |
| ii. | Central Government | For office use | Prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur | 4700/-<br>2000/-<br>5000/-<br>5200/-<br>4350/-<br>4400/- |

| | | | | | |
|---|---|---|---|---|---|
| | | | | Malout | 3400/- |
| iii. | State Government's Boards / Corporations | For office use | 1½ times of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 7050/-<br>3000/-<br>7500/-<br>7800/-<br>6550/-<br>6600/-<br>5100/- |
| iv. | Central Government's Boards / Corporations | For office use | 2 times of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 9400/-<br>4000/-<br>10000/-<br>10400/-<br>8700/-<br>8800/-<br>6800/- |
| v. | Public Limited Companies such as Banks (both Nationalized and Private) and other such Companies | For office use | 3 times of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 14100/-<br>6000/-<br>15000/-<br>15600/-<br>13050/-<br>13200/-<br>10200/- |
| **5.**<br>a i. | **RESIDENTIAL PURPOSE**<br>State Government and Courts | Staff Quarters ( Rental Housing-Multi-Storeyed ) | 50% of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 2350/-<br>1000/-<br>2500/-<br>2600/-<br>2200/-<br>2200/-<br>1700/- |

| | | | | | |
|---|---|---|---|---|---|
| ii. | Central Government | Staff Quarters ( Rental Housing-Multi-Storeyed ) | 75% of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 3550/-<br>1500/-<br>3750/-<br>3900/-<br>3300/-<br>3300/-<br>2550/- |
| iii. | State Government's Boards / Corporations | Staff Quarters (Rental Housing Multi-Storeyed) | As per ii above. | As per ii above | As per ii above |
| iv | Centre Government's Boards / Corporations | | Prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 4700/-<br>2000/-<br>5000/-<br>5200/-<br>4350/-<br>4400/-<br>3400/- |
| v. | Public Limited Companies State and Centre with majority stake of Government | Staff Quarters (Rental Housing Multi-Storeyed) | 1½ times of prevailing highest residential reserve price fixed for the Urban Estate. | Kapurthala<br>Sultanpur Lodhi<br>Batala<br>Patiala<br>Nabha<br>Ferozepur<br>Malout | 7050/-<br>3000/-<br>7500/-<br>7800/-<br>6550/-<br>6600/-<br>5100/- |
| b i. | Private Builders / Co-operative Socities | Multi-Storeyed Group Housing | **Through Auction**<br>**Reserve price for first auction shall be the prevailing highest residential reserve price fixed for the Urban Estate.** | All Stations | **Through Auction**<br>Reserve price for first auction shall be the prevailing highest residential reserve price fixed for the Urban Estate. |

| | | | | | |
|---|---|---|---|---|---|
| **6.** | **RELIGIOUS INSTITUTIONS** | Religious purpose (The maximum area to be given for religious purpose not to exceed 1000 sq.yds. per site. However, Chairperson, PUDA is authorized to consider request for enhancing area upto a maximum of 2000 sq.yds. as per agenda item no. 25.05 / 25.10.2000) | **Through Allotment**<br><br>On Lease basis | All Stations | Nominal lease fee of Rs. 6/- per sq.yd. per year upto 1000 sq.yds. For additional area, the lease rent shall be equivalent to 5% of the rate fixed for Charitable Institutions. (e.g. in case of Kapurthala, it shall be Rs. 235/- per sq.yd. per year i.e. 4700/- x 5/100 ) |
| **7.** | **COMMERCIAL SITES LIKE CINEMA SITE / SCO / SCF / BOOTH & SINGLE STOREY SHOP (SSS) SITES** | Commercial | **Through Auction**<br><br>(As per approved policy for Commercial sites) | All Stations | **Through Auction**<br><br>(As per approved policy for Commercial sites) |
| **8.** | **CHARITABLE INSTITUTIONS** | | | | |
| **a.i.** | Government owned Orphanage Schools, Asylums, Nari Niketan, Pingalwara, Old Age Home, Schools for Deaf & Dumb, Blind, Mentally Retarded and Handicapped etc. | Charitable<br>Maximum Area : 2000 sq.yds. | **Free of Cost** | All Stations | **Free of Cost** |
| ii | Others- Government Aided or Private (for above purposes ) | | **Through Allotment**<br><br>On Lease basis | All Stations | Nominal lease fee of Rs. 6/- per sq.yd. per year upto 1000 sq.yds. For additional area, the lease rent shall be equivalent to 5% of the rate fixed for Charitable |

| | | | | | |
|---|---|---|---|---|---|
| b. | Cultural and Literary Activities | Cultural and Literary<br>Maximum Area : 2000 sq.yds. | **Free of Cost** | All Stations | Institutions. (e.g. in case of Kapurthala, it shall be Rs. 235/- per sq.yd. per year i.e. 4700/- x 5/100<br>**Free of Cost** |
| i. | Government owned | | **i. For area upto 1000 sq.yds.** | | |
| ii. | Others-Government Aided or Private | | 50% of prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur | 2350/-<br>1000/-<br>2500/-<br>2600<br>2200/-<br>2200/-<br>1700/- |
| | | | **ii. For additional area above 1000 sq.yds. and upto 2000 sq.yds.**<br><br>Prevailing highest residential reserve price fixed for the Urban Estate | Kapurthala<br>Sultanpur Lodhi<br>Batala<br>Patiala<br>Nabha<br>Ferozepur | 4700/-<br>2000/-<br>5000/-<br>5200/-<br>4350/-<br>4400/-<br>3400/- |

**NOTE:**

**1. The rates for Institutional sites sold through allotment (not auction) under Service Departments, Office Buildings, Residential Purposes and Charitable Purposes are for standard FAR of 1.5. In case of higher FAR, these rates shall increase proportionately after rounding off to next 50s/100s.**

**2. Where the mode of disposal is through auction, the reserve price for subsequent auctions shall be fixed on the same basis as approved for commercial sites.**

**3.**

**3. 50% of the price of all the Institutional sites (except Commercial sites mentioned at Sr.No. 7, whether sold through allotment or auction, shall be recovered within 60 days and the balance 50% in 4 yearly equated installments, alongwith interest, as approved by the Authority from time to time**